

ਹਿੰਦੀ ਦੇ ਪ੍ਰਤੀਨਿਧ ਕਹਾਣੀਕਾਰ ਮਹੀਪ ਸਿੰਘ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਕਹਾਣੀ ਕਲਾ ਦੀ ਛਾਪ ਭਾਰਤੀ ਪੱਧਰ ਉੱਪਰ ਹੀ ਨਹੀਂ ਸਗੋਂ ਸੰਸਾਰ ਪੱਧਰ 'ਤੇ ਵੇਖੀ ਜਾ ਸਕਦੀ ਹੈ। ਪੰਜਾਬੀ ਸਾਹਿਤਕ ਖੇਤਰ ਵਿਚ ਉਨ੍ਹਾਂ ਦੀ ਕਹਾਣੀ ਦੀ ਉਡੀਕ ਬੜੀ ਤੀਬਰਤਾ ਨਾਲ ਕੀਤੀ ਜਾਂਦੀ ਹੈ। ਮਹੀਪ ਸਿੰਘ, ਲੈਫਟੀਨੈਂਟ ਜਨਰਲ ਜੇ.ਐੱਸ. ਅਰੋੜਾ ਅਤੇ ਕੁਝ ਹੋਰਨਾਂ ਨਾਲ 'ਫਰੈਂਡਜ਼ ਆਫ਼ ਪੰਜਾਬ' ਗਰੁੱਪ ਅੱਤਵਾਦ ਦੇ ਦਿਨਾਂ ਵਿਚ ਪੰਜਾਬ ਆਇਆ ਤਾਂ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਉਨ੍ਹਾਂ ਨੂੰ 'ਪੰਜਾਬ ਦਾ ਦੋਖੀ' ਆਖਿਆ ਤੇ ਕਰੀਬ-ਕਰੀਬ ਗਾਲੀ-ਗਲੋਚ ਵੀ ਕੀਤਾ। 'ਸੁਚੇਤਨਾ' ਰਿਸਾਲਾ ਕੱਢਦਾ ਰਿਹਾ। ਉਹਦੀ ਧਾਰਨਾ ਇਹ ਸੀ ਕਿ ਇੰਦਰਾ ਗਾਂਧੀ ਦਾ ਕਤਲ ਇਕ ਸਾਜਸ਼ ਸੀ। ਸਿੱਖਾਂ ਨੇ ਸਿਰ ਜੋੜ ਕੇ ਤਰਤੀਬ ਨਾਲ ਉਹਨੂੰ ਨਹੀਂ ਮਾਰਿਆ। ਉਹਦੀ ਇਹ ਗੱਲ ਨਾ 'ਅਸਲੀ' ਸਰਦਾਰਾਂ ਨੂੰ ਚੰਗੀ ਲੱਗੀ, ਨਾ ਕਾਂਗਰਸੀਆਂ ਨੂੰ। ਅਦਾਰਾ ਵਾਹਗਾ ਦੁਆਰਾ ਕੀਤੀ ਗਈ ਛੋਟੀ ਜਹੀ ਬੇਨਤੀ 'ਤੇ ਹੀ ਮਹੀਪ ਸਿੰਘ ਤੁਰੰਤ ਆਪਣੀ ਕਹਾਣੀ ਸਾਨੂੰ ਘੱਲ ਦਿੱਤੀ ਸੀ। ਜਿਥੇ ਅਸੀਂ ਉਨ੍ਹਾਂ ਦੀ ਕਹਾਣੀ ਛਾਪ ਕੇ ਮਾਣ ਮਹਿਸੂਸ ਕਰ ਰਹੇ ਹਾਂ, ਓਥੇ ਅਸੀਂ ਉਨ੍ਹਾਂ ਦੇ ਤੁਰ ਜਾਣ ਪ੍ਰਤੀ ਆਪਣੀ ਸੰਵੇਦਨਾ ਵੀ ਜ਼ਾਹਰ ਕਰਦੇ ਹਾਂ।

**ਕਹਾਣੀ**

# ਧੀ

## -ਮਹੀਪ ਸਿੰਘ

ਇਹ ਲਫ਼ਜ਼ ਹੱਥੋਂ ਤਿਲਕ ਕੇ ਕਿਤੇ ਦੂਰ ਜਾ ਪਿਆ ਸੀ। ਬੜਾ ਸੰਭਾਲਿਆ ਸੀ ਉਸ ਨੇ ਇਸ ਲਫ਼ਜ਼ ਨੂੰ। ਆਮ ਤੌਰ 'ਤੇ ਧੀਆਂ ਨੂੰ ਇਹ ਲਫ਼ਜ਼ ਸਹੇਜਣਾ ਨਹੀਂ ਪੈਂਦਾ। ਇਹ ਲਫ਼ਜ਼ ਜਨਮ ਲੈਂਦੇ ਹੀ ਉਨ੍ਹਾਂ ਨੂੰ ਮਿਲ ਜਾਂਦਾ ਹੈ ਤੇ ਸਾਰੀ ਉਮਰ ਉਨ੍ਹਾਂ ਦੇ ਨਾਲ ਲੱਗਿਆ ਰਹਿੰਦਾ ਹੈ।

ਲਫ਼ਜ਼ ਉਸ ਨੂੰ ਵੀ ਮਿਲਿਆ ਪਰ ਉਸ ਨੇ ਆਪਣੀ ਥਾਂ ਬਦਲ ਲਈ। ਜਿਸ ਔਰਤ ਦੀ ਕੁੱਖ ਤੋਂ ਉਸ ਨੇ ਜਨਮ ਲਿਆ ਸੀ, ਉਥੇ ਪਹਿਲਾਂ ਹੀ ਚਾਰ ਧੀਆਂ ਮੌਜੂਦ ਸਨ। ਸੰਸਾਰ ਵਿਚ ਉਸ ਦਾ ਆਉਣਾ ਅੰਗੂਰ ਨਾ ਬਣ ਕੇ ਨਿੰਮ ਦੀਆਂ ਕਰੂੰਬਲਾਂ ਵਰਗਾ ਸੀ। ਉਸ ਕੁੜੱਤਣ ਤੇ ਬੇ-ਸੁਆਦਗੀ ਨੂੰ ਜਦੋਂ ਪੰਜਵੀਂ ਧੀ ਦੀ ਮਾਂ ਨੂੰ ਪਤਾ ਲੱਗਾ ਕਿ ਰਿਸ਼ਤੇ ਦੀ ਇਕ ਭੈਣ ਉਸ ਨੂੰ ਗੋਦ ਲੈਣ ਨੂੰ ਤਿਆਰ ਹੈ ਤਾਂ ਉਸ ਨੂੰ ਜਾਪਿਆ, ਨਵੀਂ ਜੰਮੀ ਧੀ ਦੇ ਮੂੰਹ ਵਿਚ ਉਸ ਦੀਆਂ ਸੁੱਕੀਆਂ ਛਾਤੀਆਂ ਦੀ ਬਜਾਇ ਚਾਂਦੀ ਦਾ ਚਮਚ ਆ ਗਿਆ ਹੈ।

ਇਸ ਨਵੇਂ ਘਰ ਵਿਚ ਉਹ ਅਜਿਹੀ ਮਾਂ ਦੀ ਧੀ ਬਣ ਗਈ ਜਿਹੜੀ ਬੜੇ ਚਿਰ ਤੋਂ ਪੂਜਾ ਪਾਠ ਤੇ ਸੁੱਖਣਾ ਸੁਖ ਕੇ ਵੀ ਆਪਣੀ ਕੁੱਖ ਵਿਚ ਕੋਈ ਫੁੱਲ ਨਹੀਂ ਖਿੜਾ ਸਕੀ ਸੀ। ਉਸ

ਨੂੰ ਉਸ ਪਿਉ ਦੀ ਗੋਦੀ ਮਿਲ ਗਈ ਜਿਸ ਵਿਚ ਚਟਾਈ ਦਾ ਰਤਾ ਵੀ ਖੁਰਦਰਾਪਣ ਨਹੀਂ ਸੀ...ਬਸ ਮਖ਼ਮਲ ਸੀ—ਬੜੀ ਕੂਲੀ, ਗਦੀਲੀ ਮਖ਼ਮਲ।

ਉਸ ਉੱਪਰ ਧੀ ਲਫ਼ਜ਼ ਦੀ ਬੁਛਾੜ ਹੋ ਰਹੀ ਸੀ। ਇਸ ਵਿਚ ਭਿੱਜਦੇ-ਭਿੱਜਦੇ ਉਹ ਵੱਡੀ ਹੁੰਦੀ ਗਈ। ਉਸ ਨੂੰ ਪਤਾ ਵੀ ਨਾ ਲੱਗਾ ਜਦੋਂ ਸਕੂਲੋਂ ਨਿਕਲ ਕੇ ਕਾਲਜ ਪਹੁੰਚ ਗਈ। ਕਦੋਂ ਉਸ ਦੇ ਮਾਂ-ਪਿਉ ਨੂੰ ਜਾਪਣ ਲੱਗ ਪਿਆ ਕਿ ਉਹ ਵਿਆਹੁਣ ਜੋਗ ਹੋ ਗਈ ਹੈ।

ਉਨ੍ਹਾਂ ਦਿਨਾਂ ਵਿਚ ਉਸ ਨੂੰ ਇਹ ਪਤਾ ਲੱਗਾ ਕਿ ਕੋਈ ਸੌ ਕਿਲੋਮੀਟਰ ਦੂਰ ਇਕ ਔਰਤ ਹੈ ਜਿਸ ਨੇ ਉਸ ਨੂੰ ਜਨਮ ਦਿੱਤਾ ਸੀ। ਉਸ ਦੀਆਂ ਚਾਰ ਵੱਡੀਆਂ ਭੈਣਾਂ ਤੇ ਇਕ ਭਰਾ ਵੀ ਹੈ। ਇਕ ਅਜਿਹਾ ਬੰਦਾ ਵੀ ਹੈ ਜੋ ਉਸ ਦਾ ਪਿਉ ਅਖਵਾਉਣ ਦੀਆਂ ਹੱਦਾਂ ਤੋਂ ਬੜਾ ਦੁਰੇਡੇ ਚਲਾ ਗਿਆ ਹੈ।

ਚਲੋ, ਇਨ੍ਹਾਂ ਦੇ ਕੁਝ ਨਾਂ ਵੀ ਰੱਖ ਲੈਂਦੇ ਹਾਂ। ਕੁੜੀ ਨੂੰ ਨਵਨੀਤ ਮੰਨ ਲੈਂਦੇ ਹਾਂ। ਜਿਸ ਔਰਤ ਨੇ ਉਸ ਨੂੰ ਜਨਮ ਦਿੱਤਾ ਸੀ ਉਹ ਲਾਜਵੰਤੀ ਹੈ ਅਤੇ ਜਿਸ ਨੇ ਉਸ ਨੂੰ ਧੀ ਬਣਾਇਆ ਹੈ ਉਸ ਨੂੰ ਭਾਗਵੰਤੀ ਆਖ ਲੈਂਦੇ ਹਾਂ। ਦੋਨਾਂ ਪਿਉਆਂ ਦੇ ਪੂਰੇ-ਪੂਰੇ ਨਾਂ ਜਾਣਨ ਦੀ ਲੋੜ ਨਹੀਂ। ਸਾਡੇ ਸਮਾਜ ਵਿਚ ਜਾਤੀ ਦਰਸਾਉਣ ਵਾਲੇ ਨਾਂ ਹੀ ਪੂਰੇ ਨਾਂ ਦੱਸ ਦਿੰਦੇ ਹਨ। ਇਸ ਲਈ ਜਨਮ ਦੇਣ ਵਾਲੇ ਬੰਦੇ ਨੂੰ ਚਾਵਲਾ ਮੰਨ ਲੈਂਦੇ ਹਾਂ ਅਤੇ ਪਿਉ ਦੀ ਮਖ਼ਮਲੀ ਗੋਦੀ ਦੇਣ ਵਾਲੇ ਨੂੰ ਗੁਲਾਟੀ ਆਖ ਕੇ ਸੱਦ ਲੈਂਦੇ ਹਾਂ। ਇੰਨੇ ਨਾਵਾਂ ਨਾਲ ਸਾਡਾ ਕੰਮ ਸਰ ਜਾਏਗਾ।

ਸਭ ਕੁਝ ਇੰਨਾ ਸੋਹਣਾ ਚੱਲ ਰਿਹਾ ਸੀ। ਚਾਵਲਾ ਤੇ ਲਾਜਵੰਤੀ ਦੇ ਮਨ ਵਿਚ ਇਕ ਕਸਕ ਸੀ ਕਿ ਉਨ੍ਹਾਂ ਦੀ ਜਾਈ ਇਕ ਧੀ ਉਨ੍ਹਾਂ ਤੋਂ ਬੜੀ ਦੂਰ ਹੈ। ਉਨ੍ਹਾਂ ਨੇ ਆਪਣੀਆਂ ਚਾਰ ਧੀਆਂ ਨੂੰ ਮਾੜਾ-ਮੋਟਾ ਪੜ੍ਹਾ ਕੇ ਫਿਰ ਵਿਆਹ ਦਾ ਜੋੜਾ ਪੁਆ ਕੇ ਵਿਦਾ ਕਰ ਦਿੱਤਾ। ਅੱਗੇ ਉਨ੍ਹਾਂ ਦਾ ਕਿਸਮਤ। ਪਤੀ-ਪਤਨੀ ਦੋਵੇਂ ਆਖਦੇ ਸਨ ਕਿ ਅਸੀਂ ਬੱਚਿਆਂ ਨੂੰ ਜਨਮ ਤਾਂ ਦੇ ਸਕਦੇ ਹਾਂ ਪਰ ਕਿਸਮਤ ਦੀਆਂ ਲਕੀਰਾਂ ਤਾਂ ਉੱਪਰ ਵਾਲਾ ਆਪਣੀ ਕਲਮ ਨਾਲ ਲਿਖਦਾ ਹੈ। ਉਸ ਨੇ ਚਾਰ ਧੀਆਂ ਦੀ ਕਿਸਮਤ ਆਮ ਨੀਲੀ ਸਿਆਹੀ ਨਾਲ ਲਿਖ ਦਿੱਤੀ, ਪਰ ਨਵਨੀਤ ਦੀ ਕਿਸਮਤ ਲਿਖਣ ਵੇਲੇ ਉਸ ਦੇ ਹੱਥ ਵਿਚ ਸੋਨੇ ਦੀ ਕਲਮ ਸੀ ਦੇ ਦਵਾਤ ਵਿਚ ਸੁਨਹਿਰੀ ਸਿਆਹੀ ਸੀ।

ਕਿੰਨੇ ਵਰ੍ਹਿਆਂ ਤੀਕ ਗੁਲਾਟੀ ਤੇ ਭਾਗਵੰਤੀ ਆਪਣੀ ਪਿਆਰੀ ਨਵਨੀਤ ਉੱਤੇ ਆਪਣਾ ਪਿਆਰ ਲੁਟਾਉਂਦੇ ਰਹੇ। ਉਹ ਉਸ ਦਾ ਨਾਂ ਨਹੀਂ ਸਨ ਲੈਂਦੇ, ਸਿਰਫ਼ ਧੀਏ, ਬਚੜੀਏ, ਲਾਡੋ ਆਖ ਕੇ ਬੁਲਾਉਂਦੇ ਸਨ। ਗੁਲਾਟੀ ਆਖਦਾ ਸੀ—ਇਸ ਦੇ ਆਉਣ ਨਾਲ ਅਸੀਂ ਇਹ ਭੁੱਲ ਗਏ ਕਿ ਮੱਸਿਆ ਵੀ ਹੁੰਦੀ ਹੈ। ਅਜਿਹੀ ਚਾਨਣੀ ਖਿੜੀ ਹੈ ਕਿ ਸਾਡਾ ਘਰ ਤਾਂ ਜਗਮਗ ਹੋ ਰਹੀ ਗਿਆ ਹੈ, ਕੰਮ-ਰੁਜ਼ਗਾਰ ਵੀ ਅਜਿਹਾ ਚਮਕਿਆ ਹੈ ਕਿ ਸਾਕ-ਸੰਬੰਧੀਆਂ ਨੂੰ ਇਹ ਚਿੰਤਾ ਸਤਾਉਣ ਲੱਗ ਪਈ ਹੈ ਕਿ ਵਿਆਹ ਕਰਾ ਕੇ ਨਵਨੀਤ ਤਾਂ ਆਪਣੇ ਸਹੁਰੇ ਘਰ ਜਾਏਗੀ, ਏਨੀ ਧਨ-ਦੌਲਤ ਦਾ ਕੌਣ ਵਾਰਿਸ ਬਣੇਗਾ।

ਇਕ ਦਿਨ ਗੁਲਾਟੀ ਨੂੰ ਵੀ ਅਜਿਹਾ ਮਹਿਸੂਸ ਹੋਇਆ। ਉਸ ਦਿਨ ਭਾਗਵੰਤੀ ਨੂੰ, ਉਸ ਨੇ ਵਧੇਰੇ ਗਹੁ ਨਾਲ ਵੇਖਿਆ। ਉਸ ਨੂੰ ਜਾਪਿਆ ਇਹ ਔਰਤ ਤਾਂ ਹੁਣ ਬੁੱਢੀ ਹੋ ਗਈ ਹੈ। ਉਸ ਦੇ ਵਾਲਾਂ ਵਿਚ ਕਿੰਨੀ ਸਫ਼ੇਦੀ ਆ ਗਈ ਹੈ। ਅਗਲੇ ਦੋ ਦੰਦ ਵੀ ਟੁੱਟ ਗਏ ਹਨ। ਅੱਖਾਂ 'ਤੇ ਚੜ੍ਹੀ ਐਨਕ ਵਾਰ-ਵਾਰ ਨੱਕ ਤੋਂ ਥੱਲੇ ਤਿਲਕਦੀ ਰਹਿੰਦੀ ਹੈ।

ਗੁਲਾਟੀ ਨੂੰ ਕੁਝ ਚਿਰ ਪਹਿਲਾਂ ਆਪਣੇ ਵਾਲਾਂ ਵਿਚ ਕੁਝ ਤਾਰ ਨਜ਼ਰ ਆਏ ਸਨ। ਉਸ ਨੂੰ ਬੜਾ ਧੱਕਾ ਲੱਗਾ ਸੀ। ਪੰਤਾਲੀ ਪਾਰ ਕਰਦੇ ਹੀ ਉਹ ਬੁੱਢਾ ਤਾਂ ਨਹੀਂ ਹੋ ਗਿਆ। ਉਸ ਨੇ ਖਿਜ਼ਾਬ ਲਾਉਣੀ ਸ਼ੁਰੂ ਕਰ ਦਿੱਤੀ ਸੀ।

ਚੰਚਲ ਉਸ ਦੀ ਫ਼ੈਕਟਰੀ ਦੇ ਪੈਕਿੰਗ ਡਿਪਾਰਟਮੈਂਟ ਵਿਚ ਸੀ। ਉਸ ਦੇ ਮੈਨੇਜਰ ਮਹਿਤਾ ਨੇ ਦੱਸਿਆ ਸੀ ਵਿਚਾਰੀ ਮੁਸੀਬਤ ਦੀ ਮਾਰੀ ਏ। ਵਿਆਹ ਦੇ ਤਿੰਨਾਂ ਵਰ੍ਹਿਆਂ ਪਿੱਛੋਂ ਹੀ ਪਤੀ ਪੂਰਾ ਹੋ ਗਿਆ ਸੀ। ਫਿਰ ਉਹ ਹੱਸਦੇ ਹੋਏ ਬੋਲਿਆ ਸੀ, 'ਵਿਚਾਰੀਆਂ ਰੰਡੀਆਂ ਤਾਂ ਆਪਣਾ ਰੰਡੇਪਾ ਕੱਟ ਲੈਣ ਪਰ ਰੰਡੇ ਨਹੀਂ ਕੱਟਣ ਦਿੰਦੇ।'

ਗੁਲਾਟੀ ਦੀ ਉਸ 'ਤੇ ਨਜ਼ਰ ਟਿਕ ਗਈ। ਬੁੱਢੇ ਮਹਿਤਾ ਨੇ ਇਸ ਨਜ਼ਰ ਨੂੰ ਵੇਖ ਲਿਆ।

"ਚੰਚਲ ਕੌਣ-ਕੌਣ ਏ ਤੇਰੇ ਪਰਿਵਾਰ ਵਿਚ ?" ਮਹਿਤਾ ਨੇ ਪੁੱਛਿਆ।

ਉਹ ਬੜਾ ਘੱਟ ਬੋਲਦੀ ਸੀ। ਫ਼ੈਕਟਰੀ ਵਿਚ ਕਾਰਾਂ-ਸਕੂਟਰਾਂ ਵਿਚ ਲੱਗਣ ਵਾਲੇ ਰਬੜ ਪਾਰਟਸ ਬਣਦੇ ਸਨ। ਹੋਰ ਵੀ ਕਿੰਨੀਆਂ ਹੀ ਕੁੜੀਆਂ ਉਥੇ ਕੰਮ ਕਰਦੀਆਂ ਸਨ। ਉਹ ਸਾਰੀਆਂ ਆਪਸ ਵਿਚ ਹੱਸਦੀਆਂ-ਖੇਡਦੀਆਂ ਤੇ ਮਖ਼ੌਲਾਂ ਕਰਦੀਆਂ ਸਨ। ਉਹ ਕਹਿੰਦੀਆਂ ਸਨ—ਹੂੰ ਕਿਹੋ ਜਿਹੀ ਚੰਚਲ ਏਂ...ਨਾ ਹੱਸਦੀ ਖੇਡਦੀ ਏਂ...ਨਾ ਗੱਲਾਂ ਕਰਦੀ ਏਂ। ਹਮੇਸ਼ਾ ਕੰਮ ਵਿਚ ਰੁੱਝੀ ਰਹਿੰਦੀ ਏਂ ?

ਉਸ ਨੇ ਮਹਿਤਾ ਵੱਲ ਵੇਖਿਆ, "ਬੁੱਢੇ ਮਾਂ-ਪਿਉ ਨੇ। ਦੋ ਵੱਡੀਆਂ ਭੈਣਾਂ ਵਿਆਹੀਆਂ ਹੋਈਆਂ ਨੇ। ਇਕ ਭਰਾ ਗੋਆ ਵਿਚ ਨੌਕਰੀ ਕਰਦੈ।"

"ਘਰ ਦਾ ਸਾਰਾ ਖ਼ਰਚ ਤੇਰੇ ਸਿਰ 'ਤੇ ਹੈ ?"

ਉਹ ਮੁਸਕਰਾਈ। ਮਹਿਤਾ ਨੇ ਵੇਖਿਆ, ਜੇ ਇਸ ਨੂੰ ਚੰਗਾ ਮਾਹੌਲ ਮਿਲ ਜਾਏ ਤਾਂ ਬੜੀ ਮਾਮੂਲੀ ਦਿਸਣ ਵਾਲੀ ਇਹ ਕੁੜੀ ਇਕ ਸੋਹਣੀ ਔਰਤ ਵਿਚ ਤਬਦੀਲ ਹੋ ਸਕਦੀ ਹੈ।

"ਭਰਾ ਕੁਝ ਮਦਦ ਕਰਦੈ ?"

"ਉਸ ਦਾ ਆਪਣਾ ਗੁਜ਼ਾਰਾ ਹੀ ਨਹੀਂ ਹੁੰਦਾ। ਬੀਵੀ-ਬੱਚਿਆਂ ਨਾਲ ਪਰਦੇਸ ਵਿਚ ਰਹਿਣਾ ਸੌਖਾ ਤਾਂ ਨਹੀਂ।"

"ਤੂੰ ਫ਼ਿਕਰ ਨਾ ਕਰ।" ਮਹਿਤਾ ਬੜੀ ਹਮਦਰਦੀ ਦਰਸਾਉਂਦਾ ਹੋਇਆ ਬੋਲਿਆ, "ਮੈਂ ਗੁਲਾਟੀ ਸਾਹਿਬ ਨਾਲ ਗੱਲ ਕਰਾਂਗਾ। ਉਹ ਤੇਰੀ ਜ਼ਰੂਰ ਮਦਦ ਕਰਨਗੇ। ਉਹ ਬੜੇ ਚੰਗੇ ਬੰਦੇ ਹਨ।"

ਚੰਚਲ ਦੀਆਂ ਅੱਖਾਂ ਵਿਚ ਧੰਨਵਾਦ ਦਾ ਭਾਵ ਉੱਭਰ ਆਇਆ, "ਇਹ ਉਨ੍ਹਾਂ ਦੀ ਕ੍ਰਿਪਾ ਹੈ ਕਿ ਮੈਨੂੰ ਇਹ ਨੌਕਰੀ ਮਿਲ ਗਈ। ਘੱਟ ਤੋਂ ਘੱਟ ਦੋ ਵਕਤ ਦੀ ਰੋਟੀ ਨਸੀਬ ਹੋ ਜਾਂਦੀ ਏ।"

ਕੁਝ ਦਿਨਾਂ ਪਿੱਛੋਂ ਮਹਿਤਾ ਨੇ ਬੁਲਾ ਕੇ ਇਕ ਲਿਫ਼ਾਫ਼ਾ ਉਸ ਨੂੰ ਫੜਾਇਆ, "ਇਸ ਵਿਚ ਕੁਝ ਪੈਸੇ ਨੇ। ਗੁਲਾਟੀ ਸਾਹਿਬ ਨੇ ਕਿਹਾ ਹੈ ਜਦੋਂ ਕੋਈ ਲੋੜ ਹੋਵੇ, ਬਿਨਾਂ ਕਿਸੇ ਸੰਕੋਚ ਦੇ ਦੱਸ ਦੇਵੀਂ। ਉਹ ਤੇਰੀ ਪੂਰੀ-ਪੂਰੀ ਮਦਦ ਕਰਨਗੇ।"

ਮਹਿਤਾ ਨੇ ਇਕ ਵਫ਼ਾਦਾਰ ਸੇਵਕ ਦੀ ਭੂਮਿਕਾ ਨਿਭਾਈ। ਅਗਲੀ ਰਾਹ 'ਤੇ ਨਾ ਵਧੇਰੇ ਕੰਕਰ-ਪੱਥਰ ਸਨ, ਨਾ ਉਲਟੇ-ਸਿੱਧੇ ਮੋੜ ਸਨ। ਸਭ ਕੁਝ ਉਂਜ ਹੀ ਹੋਇਆ ਜਿਵੇਂ ਹੁੰਦਾ ਹੈ। ਗੁਲਾਟੀ ਨੇ ਇਕ ਫਲੈਟ ਖ਼ਰੀਦ ਲਿਆ। ਚੰਚਲ ਦੇ ਚਿਹਰੇ 'ਤੇ ਆਏ ਫ਼ਰਕ ਨੂੰ, ਸਭ ਤੋਂ ਪਹਿਲਾਂ ਉਸ ਨਾਲ ਕੰਮ ਕਰਨ ਵਾਲੀਆਂ ਕੁੜੀਆਂ ਨੇ ਮਹਿਸੂਸ ਕੀਤਾ, ਫਿਰ ਉਸ ਦੇ ਮਾਂ-ਪਿਉ ਵੀ ਮਹਿਸੂਸ ਕਰਨ ਲੱਗ ਪਏ।

ਪਰ ਮਹਿਤਾ ਨੂੰ ਕਾਹਲੀ, ਬੇਚੈਨੀ ਰਹਿਣ ਲੱਗ ਪਈ। ਉਸ ਨੇ ਗੁਲਾਟੀ ਲਈ ਇੰਨਾ ਵੱਡਾ ਕੰਮ ਕਰ ਵਿਖਾਇਆ ਸੀ ਪਰ ਇਸ ਲਈ ਗੁਲਾਟੀ ਸ਼ੁਕਰਗੁਜ਼ਾਰ ਨਹੀਂ ਸੀ ਲੱਗਦਾ। ਫ਼ੈਕਟਰੀ ਦਾ ਕੰਮ ਤਾਂ ਉਹ ਵਰ੍ਹਿਆਂ ਤੋਂ ਸੰਭਾਲ ਰਿਹਾ ਸੀ। ਇਸੇ ਕੰਮ ਦੀ ਉਸ ਨੂੰ ਤਨਖ਼ਾਹ ਮਿਲਦੀ ਸੀ। ਇਹ ਠੀਕ ਹੈ ਕਿ ਇਸ ਉਮਰ ਵਿਚ ਉਸ ਦੇ ਕਿੰਨੇ ਹਮਜੋਲੀ ਰਿਟਾਇਰ ਹੋ ਕੇ ਆਪਣੇ ਹਮਉਮਰਾਂ ਨਾਲ ਪਾਰਕਾਂ ਵਿਚ ਬਹਿ ਕੇ ਪੁਰਾਣੇ ਦਿਨਾਂ ਨੂੰ ਯਾਦ ਕਰਦੇ ਹਨ ਜਾਂ ਕਿਸੇ ਨੁੱਕਰੇ ਬਹਿ ਕੇ ਤਾਸ਼ ਖੇਡਦੇ ਨੇ। ਗੁਲਾਟੀ ਨੇ ਉਸ ਨੂੰ ਸਾਰੀ ਫ਼ੈਕਟਰੀ ਦਾ ਪ੍ਰੋਡਕਸ਼ਨ ਮੈਨੇਜਰ ਬਣਾਇਆ ਹੋਇਆ ਸੀ। ਅੱਛੀ-ਖ਼ਾਸੀ ਤਨਖ਼ਾਹ ਵੀ ਦਿੰਦਾ ਸੀ।

ਇਹ ਇੰਜ ਹੀ ਹੈ ਜਿਵੇਂ ਕਿਸੇ ਨੂੰ ਦੋਨੋਂ ਵੇਲੇ ਖਾਣ ਨੂੰ ਚੰਗਾ ਭੋਜਨ ਮਿਲਦਾ ਹੋਵੇ ਪਰ ਭੋਜਨ ਕਰਨ ਨਾਲ ਤਾਂ ਕਿਸੇ ਨੂੰ ਪੂਰੀ ਤ੍ਰਿਪਤੀ ਨਹੀਂ ਮਿਲਦੀ। ਖਾਣਾ ਖਾਣ ਪਿੱਛੋਂ ਜੇ ਦੋ-ਚਾਰ ਚੰਗੇ ਡਕਾਰ ਨਾ ਆਉਣ ਤਾਂ ਬੜੇ ਲੋਕਾਂ ਨੂੰ ਖਾਣ ਦਾ ਪੂਰਾ ਸੁਆਦ ਨਹੀਂ ਮਿਲਦਾ।

ਮਹਿਤਾ ਨੇ ਗੁਲਾਟੀ ਦਾ ਕੰਮ ਕਰ ਦਿੱਤਾ ਸੀ। ਇਸ ਲਈ ਉਸ ਨੂੰ ਬੜੀ ਤ੍ਰਿਪਤੀ ਸੀ। ਪਰ ਇਹ ਤ੍ਰਿਪਤੀ ਹੀ ਉਸ ਨੂੰ ਬੇਚੈਨ ਕਰ ਰਹੀ ਸੀ। ਦੋ-ਚਾਰ ਡਕਾਰ ਆ ਜਾਣ ਤਾਂ ਬੇਚੈਨੀ ਦੂਰ ਹੋਵੇ।

ਪਹਿਲਾਂ ਡਕਾਰ ਉਸ ਨੇ ਸਟਾਫ਼ ਵਿਚ ਲਿਆ। ਕਿਸੇ ਨੇ ਪੁੱਛ ਲਿਆ, "ਮਹਿਤਾ ਜੀ, ਅੱਜ ਕੱਲ੍ਹ ਚੰਚਲ ਬੜੀਆਂ ਛੁੱਟੀਆਂ ਲੈਣ ਲੱਗ ਪਈ ਏ। ਆਉਂਦੀ ਵੀ ਆਪਣੀ ਮਰਜ਼ੀ ਨਾਲ ਏ। ਉਸ ਦੇ ਰੰਗ-ਢੰਗ ਬੜੇ ਬਦਲੇ ਹੋਏ ਨਜ਼ਰ ਆਉਂਦੇ ਨੇ।"

ਉਸ ਨੇ ਕਿਹਾ, "ਬਈ ਤੁਸੀਂ ਆਪਣੇ ਕੰਮ ਨਾਲ ਕੰਮ ਰੱਖਿਆ ਕਰੋ। ਚੰਚਲ ਹੁਣ ਪੁਰਾਣੀ ਚੰਚਲ ਨਹੀਂ ਰਹੀ। ਗੁਲਾਟੀ ਸਾਹਿਬ ਨੇ ਉਸ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਹਨ। ਸੇਲ ਪ੍ਰਮੋਸ਼ਨ ਲਈ ਉਹ ਚੰਚਲ ਦੀ ਪੂਰੀ ਮਦਦ ਲੈਂਦੇ।"

ਇਹ ਆਖਦੇ ਹੋਏ ਉਹ ਹੌਲੀ-ਹੌਲੀ ਮੁਸਕਰਾਇਆ ਸੀ।

ਇਸ ਡਕਾਰ ਦੀ ਗੂੰਜ ਸਾਰੀ ਫ਼ੈਕਟਰੀ ਵਿਚ ਸੁਣੀ ਸੀ। ਸਾਰੇ ਕਰਮਚਾਰੀ ਡਕਾਰ ਲੈਣ ਲੱਗ ਪਏ ਸਨ।

ਦੂਜੀ ਡਕਾਰ ਉਸ ਨੇ ਭਾਗਵੰਤੀ ਅੱਗੇ ਲਈ। ਦੁਪਹਿਰ ਪਿੱਛੋਂ ਗੁਲਾਟੀ ਸਾਹਿਬ ਫ਼ੈਕਟਰੀ ਨਹੀਂ ਸਨ। ਉਹ ਕੰਮ-ਕਾਜ ਬੰਦ ਕਰਵਾ ਕੇ ਫ਼ੈਕਟਰੀ ਦੀਆਂ ਚਾਬੀਆਂ ਦੇਣ ਲਈ ਘਰ ਆ ਗਿਆ।

ਚਾਬੀਆਂ ਲੈਂਦੇ ਹੋਏ ਭਾਗਵੰਤੀ ਨੇ ਪੁੱਛਿਆ—"ਮਹਿਤਾ ਜੀ, ਗੁਲਾਟੀ ਸਾਹਿਬ ਫ਼ੈਕਟਰੀ ਵਿਚ ਨਹੀਂ ਸਨ ?"

ਮਹਿਤਾ ਦਾ ਚਿਹਰਾ ਬੜਾ ਮਾਸੂਮ ਬਣ ਗਿਆ।

"ਮੈਂ ਕੀ ਆਖਾਂ ਬੀਬੀ ਜੀ, ਅੱਜ ਕੱਲ੍ਹ ਗੁਲਾਟੀ ਸਾਹਿਬ ਫ਼ੈਕਟਰੀ ਵੱਲ ਬੜਾ ਘੱਟ ਧਿਆਨ ਦਿੰਦੇ ਹਨ। ਸਾਰਾ-ਸਾਰਾ ਦਿਨ ਪਤਾ ਨਹੀਂ ਕਿੱਥੇ ਗੜੂੰਦ ਰਹਿੰਦੇ ਹਨ। ਕਿੰਨੇ ਆਰਡਰ ਪੈਂਡਿੰਗ ਪਏ ਹਨ। ਜੇ ਕੱਚਾ ਮਾਲ ਨਹੀਂ ਹੋਵੇਗਾ ਤਾਂ ਪ੍ਰੋਡਕਸ਼ਨ ਕਿਵੇਂ ਹੋਵੇਗਾ। ਕਈ ਵਾਰ ਤਾਂ ਵਰਕਰਾਂ ਕੋਲ ਕੋਈ ਕੰਮ ਹੀ ਨਹੀਂ ਹੁੰਦਾ। ਉਹ ਸਾਰਾ ਦਿਨ ਵਿਹਲੇ ਬੈਠੇ ਰਹਿੰਦੇ ਨੇ।"

ਭਾਗਵੰਤੀ ਦੇ ਚਿਹਰੇ ਉੱਤੇ ਚਿੰਤਾ ਦੀਆਂ ਲਕੀਰਾਂ ਉਭਰ ਆਈਆਂ—"ਕਿਉਂ...ਗੁਲਾਟੀ ਜੀ, ਕਿੱਥੇ ਰਹਿੰਦੇ ਨੇ ?"

"ਹੁਣ ਮੈਂ ਕੀ ਦੱਸਾਂ ? ਜਿੰਨੇ ਮੂੰਹ ਓਨੀਆਂ ਗੱਲਾਂ। ਸਾਡੀ ਫ਼ੈਕਟਰੀ ਵਿਚ ਇਕ ਕੁੜੀ ਕੰਮ ਕਰਦੀ ਏ...ਵਿਧਵਾ ਏ...। ਸੁਣਿਐ ਗੁਲਾਟੀ ਜੀ ਉਸੇ ਨਾਲ ਸਾਰਾ-ਸਾਰਾ ਦਿਨ ਗੁਜ਼ਾਰਦੇ ਨ। ਰੱਬ ਜਾਣੇ ਕਿੰਨੀ ਸੱਚਾਈ ਹੈ ਇਸ ਵਿਚ ?" ਉਦਾਸੀ ਦੇ ਬੋਝ ਵਿਚ ਮਹਿਤਾ ਦਾ ਸਿਰ ਝੁਕ ਗਿਆ।

ਭਾਗਵੰਤੀ ਸੋਚ ਵਿਚ ਡੁੱਬ ਗਈ। ਉਸ ਦਾ ਪਤੀ ਕੁਝ ਬਦਲਿਆ-ਬਦਲਿਆ ਲੱਗ ਰਿਹਾ ਸੀ, ਇਸ ਦਾ ਉਸ ਨੂੰ ਅਹਿਸਾਸ ਹੋਇਆ ਸੀ। ਪਰ ਅਜਿਹਾ ਕੁਝ ਹੋਵੇਗਾ, ਇਹ ਉਸ ਨੇ ਨਹੀਂ ਸੀ ਸੋਚਿਆ।

ਮਹਿਤਾ ਨੇ ਸਿਰ ਝੁਕਾ ਕੇ ਭਾਗਵੰਤੀ ਵੱਲ ਤੱਕਿਆ—"ਬੀਬੀ ਜੀ, ਇਕ ਗੱਲ ਦੱਸੋ। ਤੁਹਾਡਾ ਇਸ ਮਕਾਨ ਤੋਂ ਛੁੱਟ ਹੋਰ ਕੋਈ ਮਕਾਨ ਜਾਂ ਫਲੈਟ ਇਸ ਸ਼ਹਿਰ ਵਿਚ ਹੈ ?"

"ਨਹੀਂ।"

"ਯਾਦ ਕਰੋ। ਗੁਲਾਟੀ ਸਾਹਿਬ ਨੇ ਕਦੇ ਤੁਹਾਨੂੰ ਇਹ ਨਹੀਂ ਦੱਸਿਆ ਕਿ ਜਮੁਨਾ ਪਾਰ ਉਨ੍ਹਾਂ ਦਾ ਇਕ ਫਲੈਟ ਹੈ ?"

"ਮੈਨੂੰ ਤਾਂ ਨਹੀਂ ਦੱਸਿਆ। ਤੁਹਾਨੂੰ ਕਿਵੇਂ ਪਤਾ ਲੱਗਿਆ ?"

"ਇਹ ਗੱਲ ਤਾਂ ਫ਼ੈਕਟਰੀ ਵਿਚ ਸਾਰਿਆਂ ਨੂੰ ਪਤੈ। ਲੋਕਾਂ ਨੂੰ ਇਹ ਵੀ ਪਤੈ ਕਿ ਚੰਚਲ ਨੂੰ ਲੈ ਕੇ ਗੁਲਾਟੀ ਸਾਹਿਬ ਆਪਣਾ ਵਧੇਰਾ ਸਮਾਂ ਉਥੇ ਹੀ ਗੁਜ਼ਾਰਦੇ ਹਨ।"

ਮਹਿਤਾ ਘਰੋਂ ਨਿਕਲਿਆ ਤਾਂ ਉਸ ਨੂੰ ਜਾਪਿਆ ਕਿ ਇਸ ਲੰਮੇ ਡਕਾਰ ਨਾਲ ਉਸ ਦੇ ਅੰਦਰ ਭਰੀ ਸਾਰੀ ਗੈਸ ਬਾਹਰ ਨਿਕਲ ਗਈ ਹੈ ਤੇ ਉਹ ਬੜਾ ਹੌਲਾ ਮਹਿਸੂਸ ਕਰ ਰਿਹਾ ਹੈ।

ਹੁਣ ਭਾਗਵੰਤੀ ਦੀ ਬੇਚੈਨੀ ਬੜੀ ਵਧੀ ਹੋਈ ਸੀ। ਉਹ ਵੀ ਕਿਸੇ ਦੇ ਸਾਹਮਣੇ ਉੱਬਲ ਪੈਣਾ ਚਾਹੁੰਦੀ ਸੀ। ਨਵਨੀਤ ਆਪਣੇ ਕਮਰੇ ਵਿਚ ਪੜ੍ਹ ਰਹੀ ਸੀ। ਉਸ ਦੇ ਪੈਰ ਉਸ ਵੱਲ ਵਧ ਗਏ। ਉਸ ਨੇ ਵੇਖਿਆ, ਮਾਂ ਬੜੀ ਬੇਚੈਨ ਹੈ। ਉਸ ਦੀਆਂ ਅੱਖਾਂ ਲਾਲ ਹਨ ਤੇ ਮੂੰਹੋਂ ਝੱਗ ਨਿਕਲ ਰਹੀ ਹੈ।

ਰਾਤ ਦੇ ਦਸ ਵੱਜਣ ਵਾਲੇ ਹਨ।

"ਕਿਉਂ ਮੰਮੀ...ਭਾਪਾ ਜੀ ਅਜੇ ਤੀਕ ਨਹੀਂ ਆਏ ? ਅੱਜ ਕੱਲ੍ਹ ਉਹ ਬੜਾ ਚਿਰਕਾ ਆਉਣ ਲੱਗ ਪਏ ਹਨ।"

"ਅੱਜ ਕੱਲ੍ਹ ਉਹ ਹੋਰ ਵੀ ਬੜੇ ਗੁਲ ਖਿਲਾਉਣ ਲੱਗ ਪਏ ਹਨ।" ਫਿਰ ਉਸ ਨੇ ਮਹਿਸੂਸ ਕੀਤਾ ਕਿ ਉਹ ਧੀ ਨੂੰ ਕੀ ਦੱਸੇ।

ਅੱਧੀ ਰਾਤੀਂ ਜਦੋਂ ਗੁਲਾਟੀ ਘਰ ਆਇਆ, ਨਵਨੀਤ ਸੌਂ ਰਹੀ ਸੀ ਤੇ ਭਾਗਵੰਤੀ ਅੰਗਾਰਿਆਂ 'ਤੇ ਲੇਟੀ ਪਾਸੇ ਪਰਤ ਰਹੀ ਸੀ।

ਸਾਰੀਆਂ ਗੱਲਾਂ ਰਾਤੀਂ ਹੋ ਗਈਆਂ।

"ਤੁਸੀਂ ਜਮੁਨਾ ਪਾਰ ਇਕ ਫਲੈਟ ਲਿਆ ਹੋਇਆ ਹੈ ?"

"ਹਾਂ।"

"ਉਥੇ ਕਿਸੇ ਔਰਤ ਨਾਲ ਰੰਗ-ਰਲੀਆਂ ਮਨਾਉਂਦੇ ਹੋ ?"

ਗੁਲਾਟੀ ਨੇ ਸਾਰੀ ਗੱਲ ਲਈ ਆਪਣੇ ਆਪ ਨੂੰ ਤਿਆਰ ਕੀਤਾ ਹੋਇਆ ਸੀ।

"ਹਾਂ।"

"ਉਹ ਔਰਤ ਤੁਹਾਡੀ ਫ਼ੈਕਟਰੀ ਵਿਚ ਕੰਮ ਕਰਦੀ ਏ ?"

ਗੁਲਾਟੀ ਨੇ ਮੰਨਦੇ ਹੋਏ ਆਪਣਾ ਸਿਰ ਹਿਲਾ ਦਿੱਤਾ, "ਹਾਂ।"

ਭਾਗਵੰਤੀ ਦੇ ਬੁੱਲ੍ਹ ਫੜਕਣ ਲੱਗ ਪਏ।

"ਸ਼ਰਮ ਨਹੀਂ ਆਉਂਦੀ।"

ਗੁਲਾਟੀ ਨੇ ਬੜਾ ਘੂਰ ਕੇ ਉਸ ਵੱਲ ਤੱਕਿਆ।

"ਤੂੰ ਮੈਨੂੰ ਇਕ ਪੁੱਤਰ ਦੇ ਸਕਦੀ ਏਂ ?"

ਭਾਗਵੰਤੀ ਨੂੰ ਕੋਈ ਉਤਰ ਨਾ ਸੁੱਝਿਆ।

"ਜੇ ਮੈਂ ਪੁੱਤਰ ਨਹੀਂ ਦੇ ਸਕਦੀ ਤਾਂ ਤੁਸੀਂ ਇਧਰ-ਉਧਰ ਮੂੰਹ ਮਾਰਦੇ ਫਿਰੋਗੇ।"

"ਸੁਣ ਭਾਗਵੰਤੀ, ਮੈਨੂੰ ਇਕ ਪੁੱਤਰ ਚਾਹੀਦਾ ਹੈ। ਮੈਂ ਏਨਾ ਵੱਡਾ ਕਾਰੋਬਾਰ ਖੜ੍ਹਾ ਕੀਤਾ ਹੈ। ਉਸ ਨੂੰ ਦੇਖਣ ਭਾਲਣ ਵਾਲਾ ਕੋਈ ਹੋਣਾ ਚਾਹੀਦਾ ਹੈ। ਮੈਨੂੰ ਇਕ ਵਾਰਿਸ ਚਾਹੀਦੈ।"

"ਸਾਡੀ ਧੀ ਏ...ਜੁਆਈ ਆਏਗਾ...ਉਸ ਦੇ ਬੱਚੇ ਹੋਣਗੇ। ਕੀ ਉਹ ਸਾਡੇ ਵਾਰਿਸ ਨਹੀਂ ਹੋਣਗੇ ?"

ਗੁਲਾਟੀ ਨੇ ਉਸ ਨੂੰ ਬੜੀਆਂ ਤਿੱਖੀਆਂ ਨਜ਼ਰਾਂ ਨਾਲ ਵੇਖਿਆ, "ਕਿਸੇ ਬੇਗਾਨੇ ਬਗੀਚੇ ਵਿਚੋਂ ਤੋੜ ਕੇ, ਤੂੰ ਇਕ ਬੂਟਾ

ਆਪਣੇ ਵਿਹੜੇ 'ਚ ਲਾਇਐ। ਭਲਕੇ ਇਹ ਬੂਟਾ ਵੀ ਤੇਰਾ ਨਹੀਂ ਰਹਿਣਾ। ਕਿਸੇ ਬੇਗ਼ਾਨੇ ਜਿਹੜੇ 'ਚ ਇਸ ਤੋਂ ਜਿਹੜੇ ਫੁੱਲ ਆਉਣਗੇ, ਮੈਂ ਉਨ੍ਹਾਂ 'ਤੇ ਭਰੋਸਾ ਨਹੀਂ ਰੱਖਦਾ। ਮੈਨੂੰ ਆਪਣੇ ਵਿਹੜੇ ਵਿਚ ਆਪਣੇ ਫੁੱਲ ਚਾਹੀਦੇ ਨੇ।'

"ਤੁਸੀਂ ਕੀ ਕਰੋਗੇ ? ਉਸ ਵਿਧਵਾ ਨਾਲ ਵਿਆਹ ਕਰੋਗੇ ?"

"ਮੈਂ ਉਸ ਨਾਲ ਵਿਆਹ ਕਰਾ ਲਿਆ ਹੈ।"

"ਮੈਂ ਇਹ ਬਰਦਾਸ਼ਤ ਨਹੀਂ ਕਰਾਂਗੀ। ਤੁਸੀਂ ਮੇਰੇ ਸਿਰ 'ਤੇ ਸੌਂਕਣ ਬਿਠਾਉਣਾ ਚਾਹੁੰਦੇ ਹੋ ?"

ਗੁਲਾਟੀ ਬੜਾ ਸਹਿਜ ਹੋ ਕੇ ਬੋਲਿਆ—"ਵੇਖ ਭਾਗਵੰਤੀ, ਮੈਂ ਤੈਨੂੰ ਦੁੱਖ ਨਹੀਂ ਦੇਣਾ ਚਾਹੁੰਦਾ, ਨਾ ਹੀ ਤੇਰੇ ਨਾਲ ਵਧੀਕੀ ਕਰਨੀ ਚਾਹੁੰਦਾ ਹਾਂ। ਮੇਰੇ ਜਜ਼ਬਾਤਾਂ ਨੂੰ ਵੀ ਸਮਝਣ ਦਾ ਯਤਨ ਕਰ। ਜੇ ਸਾਡਾ ਇਕ ਪੁੱਤਰ ਹੁੰਦਾ ਤਾਂ ਮੈਨੂੰ ਇਹ ਸਭ ਕਰਨ ਦੀ ਕੀ ਲੋੜ ਸੀ।"

"ਤੁਸੀਂ ਮੇਰੀ ਬੇਬਸੀ ਦਾ ਲਾਭ ਲੈਣਾ ਚਾਹੁੰਦੇ ਹੋ ? ਮੈਂ ਇਹ ਨਹੀਂ ਹੋਣ ਦਿਆਂਗੀ।"

ਇਹ ਕੋਹਰਾਮ ਸਾਰੀ ਰਾਤ ਚੱਲਦਾ ਰਿਹਾ।

ਨਵਨੀਤ ਸਵੇਰੇ ਕਾਲਜ ਚਲੀ ਗਈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਸਾਰੀ ਰਾਤ ਹਨੇਰੀ ਚੱਲਦੀ ਰਹੀ ਸੀ ਤੇ ਘਰ ਦੀਆਂ ਖਿੜਕੀਆਂ-ਬੂਹੇ ਖੜਖੜਾਉਂਦੇ ਰਹੇ ਸਨ।

ਕੁਝ ਚਿਰ ਪਹਿਲਾਂ ਨਵਨੀਤ ਦੇ ਵਿਆਹ ਦੀ ਗੱਲ ਤੁਰੀ ਸੀ। ਉਡੀਕ ਇਸ ਗੱਲ ਦੀ ਸੀ ਕਿ ਉਸ ਦੇ ਇਮਤਿਹਾਨ ਹੋ ਜਾਣ। ਇਮਤਿਹਾਨ ਹੋ ਗਏ ਤਾਂ ਸਭ ਕੁਝ ਪੱਕਾ ਹੋ ਗਿਆ। ਗੁਲਾਟੀ ਨੇ ਬੜੀ ਧੂਮ-ਧਾਮ ਨਾਲ ਆਪਣੀ ਧੀ ਦਾ ਵਿਆਹ ਕੀਤਾ।

ਉਨ੍ਹੀਂ ਦਿਨੀਂ ਚੰਚਲ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਗੁਲਾਟੀ ਨੂੰ ਇਹ ਤ੍ਰਿਪਤੀ ਭਰਿਆ ਅਹਿਸਾਸ ਹੋਇਆ ਕਿ ਹੁਣ ਉਹ ਇਕ ਪੁੱਤਰ ਦਾ ਪਿਉ ਹੈ।

ਹੁਣ ਉਹ ਵਧੇਰਾ ਵਕਤ ਆਪਣੇ ਜਮੁਨਾ ਪਾਰ ਵਾਲੇ ਫਲੈਟ 'ਤੇ ਹੀ ਲੰਘਾਉਂਦਾ ਸੀ। ਉਸ ਦੇ ਸਾਰੇ ਰਿਸ਼ਤੇਦਾਰ ਤੇ ਨਵੇਂ ਕੁੜਮਾਂ ਨੂੰ ਸਾਰੀ ਗੱਲ ਦਾ ਪਤਾ ਲੱਗ ਗਿਆ ਸੀ। ਭਾਗਵੰਤੀ ਬਿਲਕੁਲ ਇਕੱਲੀ ਹੋ ਗਈ ਸੀ। ਧੀ-ਜੁਆਈ ਕਦੀ-ਕਦੀ ਆਉਂਦੇ ਸਨ। ਉਨ੍ਹਾਂ ਨੂੰ ਮਿਲ ਕੇ ਉਸ ਦੀ ਉਦਾਸੀ ਹੋਰ ਵਧ ਜਾਂਦੀ ਸੀ।

ਇਕ ਦਿਨ ਗੁਲਾਟੀ ਨੇ ਉਸ ਨੂੰ ਕਿਹਾ—'ਭਾਗਵੰਤੀ, ਧੀ ਆਪਣੇ ਸਹੁਰੇ ਤੁਰ ਗਈ ਹੈ। ਤੂੰ ਇਕਦਮ ਇਕੱਲੀ ਹੋ ਗਈ ਏਂ। ਤੂੰ ਕਹੇਂ ਤਾਂ ਚੰਚਲ ਨੂੰ ਇਥੇ ਲੈ ਆਵਾਂ। ਏਡਾ ਵੱਡਾ ਮਕਾਨ ਏ। ਉਹ ਤੇਰਾ ਵੀ ਪੁੱਤਰ ਏ। ਉਸ ਦੇ ਇਥੇ ਹੋਣ ਨਾਲ ਕਿੰਨੀ ਰੌਣਕ ਹੋ ਜਾਏਗੀ। ਬੱਚੇ ਨਾਲ ਤੇਰਾ ਮਨ ਵੀ ਲੱਗਿਆ ਰਹੇਗਾ।"

ਭਾਗਵੰਤੀ ਦੀਆਂ ਅੱਖਾਂ ਲਾਲ ਹੋ ਗਈਆਂ—"ਮੈਂ ਜਾਣਦੀ ਸਾਂ ਕਿ ਤੁਸੀਂ ਇਹ ਗੱਲ ਕਹੋਗੇ। ਮੈਂ ਆਪਣੇ ਜਿਉਂਦੇ ਜੀਅ ਉਸ ਚੁੜੇਲ ਨੂੰ ਇਥੇ ਪੈਰ ਨਹੀਂ ਰੱਖਣ ਦੇਣ ਲੱਗੀ। ਮੇਰੇ ਮਰਨ ਪਿੱਛੋਂ ਜੋ ਮਰਜ਼ੀ ਕਰਨਾ।"

ਆਪਣੀ ਬਰਾਦਰੀ, ਆਪਣੇ ਬਾਜ਼ਾਰ, ਮਿਲਣ-ਜੁਲਣ ਵਾਲਿਆਂ ਵਿਚ ਗੁਲਾਟੀ ਦੀ ਪਹਿਲਾਂ ਹੀ ਬੜੀ ਬਦਨਾਮੀ ਹੋ ਚੁੱਕੀ ਸੀ। ਉਹ ਇਸ ਗੱਲ ਨੂੰ ਹੋਰ ਨਹੀਂ ਸੀ ਵਧਾਉਣਾ ਚਾਹੁੰਦਾ।

ਪਹਿਲਾਂ ਉਸ ਦਾ ਇਸ ਘਰ ਵਿਚ ਆਉਣਾ ਘਟ ਗਿਆ। ਫਿਰ ਉੱਕਾ ਬੰਦ ਹੋ ਗਿਆ। ਮਕਾਨ ਦੇ ਉਤਲੇ ਦੋ ਹਿੱਸੇ ਕਿਰਾਏ 'ਤੇ ਦਿੱਤੇ ਹੋਏ ਸਨ। ਭਾਗਵੰਤੀ ਦੀ ਗੁਜ਼ਰ ਬਸਰ ਲਈ ਬਥੇਰਾ ਸੀ।

ਵੇਖਦੇ-ਵੇਖਦੇ ਕਈ ਵਰ੍ਹੇ ਲੰਘ ਗਏ। ਚੰਚਲ ਨੇ ਇਕ ਹੋਰ ਮੁੰਡੇ ਨੂੰ ਜਨਮ ਦਿੱਤਾ। ਇਸ ਦੌਰਾਨ ਨਵਨੀਤ ਵੀ ਦੋ ਬੱਚਿਆਂ ਦੀ ਮਾਂ ਬਣ ਗਈ ਸੀ। ਧੀ-ਜੁਆਈ, ਬੱਚੇ ਹਰ ਦੂਜੇ-ਚੌਥੇ ਦਿਨ ਆ ਜਾਂਦੇ ਸਨ। ਜਾਪਦਾ ਸੀ ਕਿ ਇੰਞ ਹੀ ਚੱਲਦਾ ਰਹੇਗਾ। ਅਖ਼ੀਰ ਇਹ ਜ਼ਿੰਦਗੀ ਕੀ ਹੈ ? ਨਾ ਦੌੜਦੀ ਹੈ, ਨਾ ਪੂਰੀ ਤਰ੍ਹਾਂ ਠਹਿਰਦੀ ਹੈ। ਇਹ ਤਾਂ ਬਸ ਕਟਦੀ ਰਹਿੰਦੀ ਹੈ, ਘਿਸਰਦੀ ਰਹਿੰਦੀ ਹੈ। ਇਕ ਪੂਰੀ ਕਤਾਰ ਹੈ ਜਿਹੜੀ ਘਿਸਰਦੀ-ਘਿਸਰਦੀ ਅੱਗੇ ਵਧਦੀ ਜਾਂਦੀ ਹੈ ਅਤੇ ਕਿਸੇ ਅੰਨ੍ਹੇ ਖੂਹ ਵਿਚ ਡਿੱਗਦੀ ਜਾਂਦੀ ਹੈ।

ਪਰ ਅਜਿਹੀ ਘਿਸਰਦੀ ਹੋਈ ਜ਼ਿੰਦਗੀ ਵਿਚ ਵੀ ਕਦੀ ਅਜਿਹਾ ਕੁਝ ਹੋ ਜਾਂਦਾ ਹੈ ਜਿਹੜਾ ਬੜਾ ਅਣਹੋਇਆ ਜਿਹਾ ਲੱਗਦਾ ਹੈ। ਇਹ ਅਣਹੋਣਾ ਹੀ ਇਹ ਅਹਿਸਾਸ ਕਰਾਉਂਦਾ ਹੈ ਕਿ ਜ਼ਿੰਦਗੀ ਸਿਰਫ਼ ਘਿਸਰਦੀ ਹੀ ਨਹੀਂ, ਉਹ ਕਦੀ-ਕਦੀ ਲੜਖੜਾਉਂਦੀ ਵੀ ਹੈ ਅਤੇ ਆਪਣੇ ਹੋਣ ਦਾ ਐਲਾਨ ਕਰਦੀ ਹੈ।

ਵਰ੍ਹਿਆਂ ਪਿੱਛੋਂ ਭਾਗਵੰਤੀ ਨਾਲ ਵੀ ਅਜਿਹਾ ਵਾਪਰ ਗਿਆ। ਉਹ ਆਪਣੀ ਦੋਹਤਰੀ ਦਾ ਜਨਮ ਦਿਨ ਮਨਾਉਣ ਲਈ ਧੀ ਵੱਲ ਗਈ ਹੋਈ ਸੀ। ਗੁਲਾਟੀ ਦਲ-ਬਲ ਨਾਲ ਉਸ ਘਰ ਵਿਚ ਆ ਗਿਆ ਜਿਥੇ ਉਹ ਪਿਛਲੇ ਕਈ ਵਰ੍ਹਿਆਂ ਤੋਂ ਨਹੀਂ ਆਇਆ ਸੀ। ਉਹ ਟਰੱਕ ਭਰ ਕੇ ਫ਼ੈਕਟਰੀ ਦੇ ਵਰਕਰਾਂ ਨੂੰ ਨਾਲ ਲਿਆਇਆ ਸੀ। ਉਸ ਕੋਲ ਅਦਾਲਤ ਦਾ ਹੁਕਮ ਸੀ ਤੇ ਅਦਾਲਤ ਦਾ ਇਕ ਬੰਦਾ ਵੀ ਨਾਲ ਸੀ। ਉਸ ਦੇ ਜਵਾਨ ਹੁੰਦੇ ਦੋਵੇਂ ਪੁੱਤਰ ਵੀ ਨਾਲ ਸਨ। ਉਸ ਨੇ ਅਦਾਲਤ ਕੋਲੋਂ

ਭਾਗਵੰਤੀ ਤੋਂ ਤਲਾਕ ਦਾ ਇਕਤਰਫ਼ਾ ਫ਼ੈਸਲਾ ਲੈ ਲਿਆ ਸੀ। ਉਸ ਦਾ ਦਾਅਵਾ ਸੀ ਕਿ ਉਸ ਦੀ ਤਲਾਕਸ਼ੁਦਾ ਬੀਵੀ ਨੇ ਉਸ ਦੇ ਮਕਾਨ 'ਤੇ ਗ਼ੈਰਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ। ਉਸ ਕੋਲ ਮਕਾਨ ਤੋਂ ਭਾਗਵੰਤੀ ਦੀ ਬੇਦਖ਼ਲੀ ਦਾ ਆਰਡਰ ਸੀ।

ਫ਼ੈਕਟਰੀ ਦੇ ਬੰਦਿਆਂ ਨੇ ਬੂਹੇ 'ਤੇ ਲੱਗੇ ਜੰਦਰੇ ਨੂੰ ਤੋੜ ਦਿੱਤਾ ਤੇ ਭਾਗਵੰਤੀ ਦਾ ਸਮਾਨ ਬਾਹਰ ਕੱਢਣ ਲੱਗ ਪਏ।

ਗਲੀ ਦੇ ਬੜੇ ਸਾਰੇ ਬੰਦੇ ਉਥੇ ਇਕੱਠੇ ਹੋ ਗਏ। ਪੁਲਿਸ ਨੂੰ ਵੀ ਖ਼ਬਰ ਲੱਗ ਗਈ। ਭਾਗਵੰਤੀ ਨੂੰ ਬੁਲਾਉਣ ਲਈ ਦੋ ਬੰਦੇ ਨੱਠ ਕੇ ਗਏ। ਉਹ ਵੀ ਧੀ-ਜੁਆਈ ਨੂੰ ਨਾਲ ਲੈ ਕੇ ਆ ਗਈ।

ਗੁਲਾਟੀ ਨੂੰ ਕੁਝ ਲੋਕੀਂ ਸਮਝਾਉਣ ਲੱਗ ਪਏ—"ਤੁਸੀਂ ਇਹ ਕੀ ਕਰ ਰਹੇ ਹੋ ? ਆਖ਼ਰ ਭਾਗਵੰਤੀ ਤੁਹਾਡੀ ਬੀਵੀ ਹੈ।"

"ਉਹ ਮੇਰੀ ਬੀਵੀ ਨਹੀਂ। ਮੈਂ ਉਸ ਨੂੰ ਤਲਾਕ ਦੇ ਚੁੱਕਿਆ ਹਾਂ।"

"ਉਹ ਮੇਰਾ ਖ਼ੂਨ ਨਹੀਂ। ਮੇਰਾ ਖ਼ੂਨ ਮੇਰੇ ਇਹ ਦੋਵੇਂ ਪੁੱਤਰ ਹਨ।"

ਪੁਲਿਸ ਦੀ ਆਮਦ ਅਤੇ ਗਲੀ-ਮੁਹੱਲੇ ਦੇ ਬੰਦਿਆਂ ਦੇ ਇਕੱਠ ਕਰਕੇ ਅਦਾਲਤੀ ਕਾਰਵਾਈ ਕੁਝ ਚਿਰ ਲਈ ਰੁਕ ਗਈ। ਡਰਾਇੰਗ ਰੂਮ ਵਿਚ ਪੁਲਿਸ ਇੰਸਪੈਕਟਰ, ਗੁਲਾਟੀ ਦੇ ਕੁਝ ਰਿਸ਼ਤੇਦਾਰ, ਭਾਗਵੰਤੀ, ਨਵਨੀਤ, ਉਸ ਦਾ ਪਤੀ, ਸਹੁਰਾ ਬੈਠਾ ਹੋਏ ਸਨ। ਸਮਝੌਤੇ ਦਾ ਕੋਈ ਰਾਹ ਕੱਢਣ ਦਾ ਯਤਨ ਹੋ ਰਿਹਾ ਸੀ।

ਗੁਲਾਟੀ ਤੇ ਨਵਨੀਤ ਆਹਮਣੇ-ਸਾਹਮਣੇ ਬੈਠੇ ਸਨ। ਦੋਨਾਂ ਨੇ ਇਕ-ਦੂਜੇ ਨੂੰ ਕਾਣੀ ਅੱਖ ਨਾਲ ਵੇਖਿਆ ਸੀ ਪਰ ਕੋਈ ਗੱਲ ਨਹੀਂ ਸੀ ਕੀਤੀ। ਨਵਨੀਤ ਦੀ ਗੋਦੀ ਵਿਚ ਉਸ ਦਾ ਨਿੱਕਾ ਬੱਚਾ ਬੈਠਾ ਹੋਇਆ ਸੀ।

ਦੋਨਾਂ ਵਿਚ ਇਕ ਮੂਕ ਸੰਵਾਦ ਚੱਲ ਰਿਹਾ ਸੀ।

"ਤੁਸੀਂ ਮੇਰੇ ਪਾਪਾ ਹੋ। ਤੁਹਾਡੀ ਗੋਦ ਵਿਚ ਮੈਂ ਵੱਡੀ ਹੋਈ ਹਾਂ। ਅੱਜ ਤੁਸੀਂ ਮੇਰੀ ਮਾਂ ਨੂੰ ਇਸ ਮਕਾਨ ਵਿਚੋਂ ਕੱਢਣ ਲਈ ਪੂਰੀ ਫ਼ੌਜ ਲੈ ਕੇ ਆ ਗਏ ਹੋ ? ਇਸ ਦਾ ਕੀ ਬਣੇਗਾ, ਤੁਸੀਂ ਇਹ ਨਹੀਂ ਸੋਚਿਆ ?"

"ਤੈਨੂੰ ਹਮੇਸ਼ਾ ਮੈਂ ਆਪਣੀ ਧੀ ਮੰਨਿਆ। ਪੁੱਤਰ ਦੇ ਲਾਲਚ ਵਿਚ ਜੇ ਮੈਂ ਇਕ ਵਿਆਹ ਹੋਰ ਕਰ ਲਿਆ, ਕੀ ਗੁਨਾਹ ਕੀਤਾ ? ਜਿਸ ਫਲੈਟ ਵਿਚ ਅਸੀਂ ਵਰ੍ਹਿਆਂ ਤੋਂ ਰਹਿ ਰਹੇ ਹਾਂ, ਉਹ ਹੁਣ ਸਾਨੂੰ ਪੂਰਾ ਨਹੀਂ ਪੈਂਦਾ। ਤੇਰੀ ਮਾਂ ਨੂੰ ਸਮਝਾਉਣ ਦਾ ਮੈਂ ਬੜਾ ਯਤਨ ਕੀਤਾ ਪਰ ਉਹ ਆਪਣੀ ਜ਼ਿਦ 'ਤੇ ਅੜੀ ਰਹੀ। ਮੇਰੇ ਸਾਹਮਣੇ ਹੋਰ ਕੀ ਰਾਹ ਸੀ ?"

"ਇੰਨੇ ਵਰ੍ਹਿਆਂ ਵਿਚ ਤੁਸੀਂ ਆਪਣੀ ਧੀ ਨੂੰ ਕਦੀ ਯਾਦ ਨਹੀਂ ਕੀਤਾ। ਤੁਸੀਂ ਨਾਨਾ ਬਣ ਗਏ ਹੋ।"

"ਤੂੰ ਮੇਰੇ ਪੁੱਤਰਾਂ ਨੂੰ ਵੇਖਿਐ ? ਇਹ ਤੇਰੇ ਭਰਾ ਹਨ।"

ਨਵਨੀਤ ਦੀ ਗੋਦੀ ਵਿਚ ਬੈਠਾ ਬੱਚਾ ਰੋਣ ਲੱਗ ਪਿਆ। ਉਹ ਉਸ ਨੂੰ ਚੁੱਪ ਕਰਾਉਣ ਲੱਗ ਪਈ।

ਗੁਲਾਟੀ ਦਾ ਮਨ ਕੀਤਾ ਕਿ ਉਹ ਅੱਗੇ ਵਧ ਕੇ ਚੁੱਕ ਲਵੇ। ਉਸ ਨੇ ਨਵਨੀਤ ਵੱਲ ਤੱਕਿਆ। ਉਹਨੇ ਆਪਣੇ ਬੱਚੇ ਨੂੰ ਆਪਣੇ ਨਾਲ ਲਗਾ ਲਿਆ। ਉਸ ਦਾ ਚਿਹਰਾ ਸਖ਼ਤ ਬਣਿਆ ਹੋਇਆ ਸੀ।

ਗੁਲਾਟੀ ਦੇ ਪੁੱਤਰ ਉਸ ਕੋਲ ਵਾਰ ਵਾਰ ਆਉਂਦੇ ਸਨ ਤੇ ਬਾਹਰ ਤੁਰ ਜਾਂਦੇ ਸਨ। ਨਵਨੀਤ ਨੇ ਉਨ੍ਹਾਂ ਨੂੰ ਨਜ਼ਰ ਭਰ ਕੇ ਵੇਖਿਆ, ਕਿੰਨੇ ਸੋਹਣੇ ਹਨ, ਕਿੰਨੇ ਸਮਾਰਟ। ਉਸ ਦਾ ਸਖ਼ਤ ਚਿਹਰਾ ਕੁਝ ਤਰਲ ਹੋ ਗਿਆ।

ਇਕ ਸਮਝੌਤਾ ਹੋ ਗਿਆ। ਗੁਲਾਟੀ ਕੋਲ ਤਿੰਨ ਸੌ ਗਜ਼ ਦਾ ਇਕ ਪਲਾਟ ਸੀ। ਉਹ ਪਲਾਟ ਭਾਗਵੰਤੀ ਨੂੰ ਦੇ ਦੇਵੇਗਾ, ਨਾਲ ਪੰਜ ਲੱਖ ਰੁਪਿਆ ਵੀ ਦੇਵੇਗਾ। ਭਾਗਵੰਤੀ ਇਹ ਮਕਾਨ ਛੱਡ ਦੇਵੇਗੀ।

ਸਾਰੇ ਉੱਠ ਕੇ ਇਕ-ਦੂਜੇ ਨਾਲ ਗੱਲਾਂ ਕਰਨ ਲੱਗ ਪਏ।

ਨਵਨੀਤ ਆਪਣੇ ਸੋਫੇ ਤੋਂ ਉੱਠੀ। ਸਾਹਮਣੇ ਗੁਲਾਟੀ ਦੋ-ਤਿੰਨ ਬੰਦਿਆਂ ਨਾਲ ਗੱਲਾਂ ਕਰ ਰਿਹਾ ਸੀ। ਨਵਨੀਤ ਨੂੰ ਉੱਠਦੇ ਵੇਖਿਆ ਤਾਂ ਉਹ ਅੱਗੇ ਵਧ ਕੇ ਉਸ ਦੇ ਬੱਚੇ ਨੂੰ ਚੁੰਮਿਆ ਤੇ ਨਵਨੀਤ ਦੇ ਸਿਰ 'ਤੇ ਹੱਥ ਰੱਖਦੇ ਹੋਏ ਬੋਲਿਆ—"ਤੂੰ ਤਾਂ ਮੇਰੀ ਧੀ ਵਰਗੀ ਏਂ।"

ਨਵਨੀਤ ਦੇ ਸਾਰੇ ਪਿੰਡੇ ਵਿਚ ਜਿਵੇਂ ਬਿਜਲੀ ਦੀਆਂ ਤਰੰਗਾਂ ਫੈਲ ਗਈਆਂ। ਆਪਣੇ ਸਿਰ 'ਤੇ ਰੱਖਿਆ ਗੁਲਾਟੀ ਦਾ ਹੱਥ, ਉਸ ਨੂੰ ਅੱਗ ਦੇ ਗੋਲੇ ਵਾਂਗ ਜਾਪਿਆ। ਉਸ ਨੇ ਉਸ ਹੱਥ ਨੂੰ ਬੁਰੀ ਤਰ੍ਹਾਂ ਝਟਕ ਦਿੱਤਾ। ਫਿਰ ਉਸ ਦੀ ਚੀਕ ਨਿਕਲ ਗਈ। ਉਸ ਦੀ ਰੋਣ ਦੀ ਆਵਾਜ਼ ਨਾਲ ਕੁਝ ਚਿਰ ਲਈ ਸਾਰਾ ਕੁਝ ਠਠੰਬਰ ਗਿਆ।

**